ਵਾਸ਼ਿੰਗਟਨ ਰਾਜ ਸਿਹਤ ਵਿਭਾਗ (WASHINGTON STATE DEPARTMENT OF HEALTH)

# COVID-19 ਕਰਿਆਨੇ ਦੀ ਖਰੀਦਦਾਰੀ ਸੰਬੰਧੀ ਸੁਝਾਅ

## ਜਾਣ ਤੋਂ ਪਹਿਲਾਂ

### ਸਿਰਫ ਲੋੜ ਪੈਣ 'ਤੇ ਹੀ ਜਾਓ।

ਜੇਕਰ ਤੁਹਾਨੂੰ ਜਾਂ ਤੁਹਾਡੇ ਕਿਸੇ ਨਜ਼ਦੀਕੀ ਨੂੰ COVID-19 ਤੋਂ ਬਿਮਾਰ ਹੋਣ ਦੀ ਵਧੇਰੀ ਸੰਭਾਵਨਾ ਹੈ, ਤਾਂ ਵਧੇਰੀ ਸਾਵਧਾਨੀ ਵਰਤੋ।

ਜੇਕਰ ਤੁਸੀਂ ਬਿਮਾਰ ਹੋ, ਤਾਂ ਸਟੋਰ 'ਤੇ ਨਾ ਜਾਓ।

### ਆਪਣੇ ਹੱਥ ਧੋਵੋ।

ਪਿਕ ਅਪ ਜਾਂ ਡਿਲਿਵਰੀ ਦੇ ਲਈ ਕਰਿਆਨੇ ਦਾ ਸਮਾਨ ਆਰਡਰ ਕਰਨ ਦੇ ਲਈ ਕਰਿਆਨੇ ਦਾ ਸਮਾਨ ਆਨਲਾਈਨ ਆਰਡਰ ਕਰਨ ਦੇ ਬਾਰੇ ਵਿਚਾਰ ਕਰੋ।

### ਖ਼ਾਸ ਘੰਟਿਆਂ ਦਾ ਧਿਆਨ ਰੱਖੋ।

ਕਈ ਸਟੋਰਾਂ ਵਿੱਚ 60 ਤੋਂ ਵੱਧ ਉਮਰ ਦੇ ਲੋਕਾਂ, ਗਰਭਵਤੀ ਔਰਤਾਂ ਅਤੇ ਸਰੀਰਕ ਰੋਗਾਂ ਵਾਲੇ ਲੋਕਾਂ ਲਈ ਖਰੀਦਦਾਰੀ ਦੇ ਖ਼ਾਸ ਘੰਟੇ ਹੁੰਦੇ ਹਨ।

## ਸਟੋਰ ਵਿੱਚ

### ਕੱਪੜੇ ਵਾਲੇ ਕਵਰ ਨਾਲ ਮੂੰਹ ਢਕੋ।

ਕੱਪੜੇ ਵਾਲਾ ਕਵਰ ਇੱਕ ਸਿਉਂਤਾ ਹੋਇਆ ਮਾਸਕ ਹੁੰਦਾ ਹੈ ਜੋ ਤੁਹਾਡੇ ਮੂੰਹ ਅਤੇ ਨੱਕ ਨੂੰ ਢਕਦਾ ਹੈ।

### ਹੈਂਡ ਸੈਨੀਟਾਈਜ਼ਰ ਦੀ ਵਰਤੋਂ ਕਰੋ।

ਤੁਸੀਂ ਕਰਿਆਨੇ ਦੀ ਗੱਡੀ ਜਾਂ ਟੋਕਰੀ ਨੂੰ ਹੈਂਡ ਸੈਨੀਟਾਈਜ਼ਰ ਜਾਂ ਐਂਟੀਸੈਪਟਿਕ ਵਾਈਪ ਦੇ ਨਾਲ ਸਾਫ ਕਰ ਸਕਦੇ ਹੋ।

### ਦੂਰੀ ਬਣਾ ਕੇ ਰੱਖੋ।

ਆਪਣੇ ਅਤੇ ਦੂਜਿਆਂ ਦੇ ਵਿਚਕਾਰ 6 ਫੁੱਟ ਦੀ ਦੂਰੀ ਬਣਾਓ, ਚੈੱਕਆਉਟ ਕਤਾਰ ਵਿੱਚ ਵੀ।

### ਖੰਘਣ ਅਤੇ ਛਿੱਕਣ ਦੌਰਾਨ ਆਪਣਾ ਮੂੰਹ ਢਕੋ।

### ਆਪਣੇ ਚਿਹਰੇ ਨੂੰ ਹੱਥ ਨਾ ਲਗਾਓ।

### ਕੁਝ ਸਮਾਨ ਆਪਣੇ ਗੁਆਂਢੀਆਂ ਲਈ ਵੀ ਛੱਡ ਦਿਓ।

ਸਿਰਫ ਉਹ ਹੀ ਸਮਾਨ ਖਰੀਦੋ ਜਿਸ ਦੀ ਤੁਹਾਨੂੰ ਜ਼ਰੂਰਤ ਹੋਵੇ ਤਾਂ ਜੋ ਸਾਰਿਆਂ ਲਈ ਚੋਖਾ ਸਮਾਨ ਹੋਵੇ।

## ਘਰ ਪਹੁੰਚਣ 'ਤੇ

### ਆਪਣੇ ਹੱਥ ਧੋਵੋ।

### ਭੋਜਨ ਸੁਰੱਖਿਆ ਬਣਾ ਕੇ ਰੱਖੋ।

ਆਪਣੇ ਕਰਿਆਨੇ ਦੇ ਸਮਾਨ ਨੂੰ ਕਿਟਾਣੂ-ਨਾਸ਼ਕਾਂ ਨਾਲ ਨਾ ਧੋਵੋ। ਆਪਣੇ ਫਲਾਂ ਅਤੇ ਸਬਜੀਆਂ ਨੂੰ ਸਧਾਰਨ ਢੰਗ ਨਾਲ ਧੋਵੋ।

### ਵਧੇਰੀ ਜਾਣਕਾਰੀ ਦੇ ਲਈ

doh.wa.gov/coronavirus ਜਾਂ coronavirus.wa.gov 'ਤੇ ਜਾਓ।

ਦੁਭਾਸ਼ੀਆ ਸੇਵਾਵਾਂ ਦੇ ਲਈ, 1-800-525-0127 'ਤੇ ਕਾਲ ਕਰੋ ਅਤੇ # ਦਬਾਓ।

211211 'ਤੇ Coronavirus ਲਿਖ ਕੇ ਭੇਜੋ।

Washington State Department of Health

DOH 820-087 April 2020 (Punjabi)
ਇਸ ਦਸਤਾਵੇਜ਼ ਨੂੰ ਕਿਸੇ ਹੋਰ ਫਾਰਮੈਟ ਵਿੱਚ ਲੈਣ ਲਈ, 1-800-525-0127 'ਤੇ ਕਾਲ ਕਰੋ। ਬੋਲ਼ੇ ਜਾਂ ਉੱਚਾ ਸੁਣਨ ਵਾਲੇ ਗਾਹਕ ਕਿਰਪਾ ਕਰਕੇ 711 (Washington Relay) 'ਤੇ ਕਾਲ ਕਰੋ ਜਾਂ civil.rights@doh.wa.gov 'ਤੇ ਈਮੇਲ ਕਰੋ।